Punjabi | ਪੰਜਾਬੀ

CRIME STOPPERS .com.au
1800 333 000
Victoria

# ਸਾਨੂੰ ਦੱਸੋ। ਉਹ ਕਦੇ ਨਹੀਂ ਜਾਣ ਸਕਣਗੇ।



**'ਕ੍ਰਾਈਮ ਸਟੌਪਰਸ ਵਿਕਟੋਰੀਆ' ਇੱਕ ਗ਼ੈਰ-ਮੁਨਾਫ਼ਾਕਾਰੀ ਸੰਸਥਾ ਹੈ ਜੋ ਲੋਕਾਂ ਨੂੰ ਅਪਰਾਧ ਨੂੰ ਰੋਕਣ ਅਤੇ ਅਣਸੁਲਝੇ ਮਾਮਲਿਆਂ ਜਾਂ ਸ਼ੱਕੀ ਗਤੀਵਿਧੀ ਬਾਰੇ ਉਨ੍ਹਾਂ ਕੋਲ ਹੋਣ ਵਾਲੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਗੁਪਤ ਰੂਪ ਵਿੱਚ ਸਾਂਝਾ ਕਰਨ ਲਈ ਉਤਸ਼ਾਹਿਤ ਕਰਦੀ ਹੈ।**

## ਅਪਰਾਧ ਦੀ ਸੂਚਨਾ ਦੇਣਾ

ਅਸੀਂ ਲੋਕਾਂ ਲਈ ਉਹਨਾਂ ਕੋਲ ਜੋ ਵੀ ਜਾਣਕਾਰੀ ਹੈ, ਉਸਨੂੰ ਸਾਂਝਾ ਕਰਨ ਲਈ ਇੱਕ ਮੰਚ ਪ੍ਰਦਾਨ ਕਰਦੇ ਹਾਂ।

## ਅਪਰਾਧ ਰੋਕਥਾਮ

ਅਸੀਂ ਅਪਰਾਧ ਰੋਕਥਾਮ ਅਤੇ ਸਿਖਲਾਈ ਨਾਲ ਸੰਬੰਧਿਤ ਪ੍ਰੋਗਰਾਮ ਅਤੇ ਪਹਿਲਕਦਮੀਆਂ ਚਲਾਉਂਦੇ ਹਾਂ।

# ਅਕਸਰ ਪੁੱਛੇ ਜਾਣ ਵਾਲੇ ਸਵਾਲ




## ਤੁਸੀਂ ਉਹ ਕਿਉਂ ਕਰਦੇ ਹੋ ਜੋ ਤੁਸੀਂ ਕਰਦੇ ਹੋ?

ਹਰ ਕਿਸੇ ਨੂੰ ਅਪਰਾਧ ਤੋਂ ਸੁਰੱਖਿਅਤ ਮਹਿਸੂਸ ਕਰਨ ਦਾ ਅਧਿਕਾਰ ਹੈ। ਹੋ ਸਕਦਾ ਹੈ ਕਿ ਕੁੱਝ ਲੋਕ ਪੁਲਿਸ ਨਾਲ ਗੱਲ ਕਰਨ ਵਿੱਚ ਸਹਿਜ ਮਹਿਸੂਸ ਨਾ ਕਰਨ, ਜਾਂ ਉਹਨਾਂ ਕੋਲ ਜੋ ਜਾਣਕਾਰੀ ਮੌਜੂਦ ਹੈ ਉਸ ਬਾਰੇ ਵਿੱਚ ਭਰੋਸਾ ਨਾ ਹੋਵੇ। ਕ੍ਰਾਈਮ ਸਟੌਪਰਸ ਤੁਹਾਡੇ ਦੁਆਰਾ ਅਪਰਾਧ ਬਾਰੇ ਪ੍ਰਦਾਨ ਕੀਤੀ ਗਈ ਜਾਣਕਾਰੀ ਲੈਣਗੇ ਅਤੇ ਇਸਨੂੰ ਤੁਹਾਡੇ ਲਈ ਅੱਗੇ ਪਹੁੰਚਾਉਣਗੇ।

## ਕੀ ਤੁਸੀਂ ਪੁਲਿਸ ਦਾ ਹਿੱਸਾ ਹੋ?

ਅਸੀਂ ਪੁਲਿਸ ਅਤੇ ਮੀਡੀਆ ਨਾਲ ਮਿਲ ਕੇ ਕੰਮ ਕਰਦੇ ਹਾਂ ਤਾਂ ਜੋ ਅਪਰਾਧਾਂ ਨੂੰ ਹੱਲ ਕਰਨ ਵਿੱਚ ਮੱਦਦ ਕਰ ਸਕੀਏ ਅਤੇ ਭਾਈਚਾਰੇ ਵਿੱਚ ਅਪਰਾਧ ਰੋਕਥਾਮ ਬਾਰੇ ਜਾਣਕਾਰੀ ਪਹੁੰਚਾ ਸਕੀਏ।

## ਮੈਂ ਕਿਹੜੀ ਜਾਣਕਾਰੀ ਦੇ ਸਕਦਾ/ਸਕਦੀ ਹਾਂ?

ਤੁਸੀਂ ਅਣਸੁਲਝੇ ਅਪਰਾਧਾਂ ਜਾਂ ਸ਼ੱਕੀ ਗਤੀਵਿਧੀ ਬਾਰੇ ਜਾਣਕਾਰੀ ਸਾਂਝੀ ਕਰ ਸਕਦੇ ਹੋ। ਤੁਸੀਂ ਇਸ ਗੱਲ 'ਤੇ ਕੰਟਰੋਲ ਰੱਖਦੇ ਹੋ ਕਿ ਤੁਸੀਂ ਸਾਨੂੰ ਕਿੰਨਾ ਵੱਧ ਜਾਂ ਘੱਟ ਦੱਸਦੇ ਹੋ। ਅਸੀਂ ਤੁਹਾਡਾ ਫ਼ੋਨ ਨੰਬਰ ਜਾਂ I.P ਪਤਾ ਰਿਕਾਰਡ ਨਹੀਂ ਕਰਦੇ ਹਾਂ। ਤੁਸੀਂ ਅਗਿਆਤ ਰਹਿ ਸਕਦੇ ਹੋ।